# ਦੂਜਾ ਭਾਉ

## ਭਾਗ–4

ਇਸ ਲੜੀ ਦੇ ਪਹਿਲੇ ਤਿੰਨ ਭਾਗਾਂ ਵਿਚ ਦੂਜੇ ਭਾਉ ਦੇ ਵਿ ੇ ਉਤੇ ਵੇਰਵੇ ਸਹਿਤ ਵਿਚਾਰ ਕੀਤੀ ਜਾ ਚੁੱਕੀ ਹੈ।

ਇਨ੍ਹਾਂ ਤੋਂ ਇਲਾਵਾ ਅਨੇਕਾਂ ਗਿਆਨੀਆਂ ਵਿਦਵਾਨਾਂ ਨੇ ਇਸ ਵਿ ੇ ਉਤੇ ਲੇਖਾਂ, ਕਥਾ–ਵਾਰਤਾ ਦੁਆਰਾ ਰੌ ਨੀ ਪਾਈ ਹੋਵੇਗੀ। ਪਰ ਫਿਰ ਵੀ ਮਹਿਸੂਸ ਹੁੰਦਾ ਹੈ ਕਿ ਆਮ ਜਨਤਾ ਦੀ ਜੀਵਨ–ਰੋੜ੍ਹ ਵਿਚ ਕੋਈ ਸਾਰਥਿਕ ਪਰਿਵਰਤਨ ਨਹੀਂ ਆਇਆ।

ਇਸ ਦਾ ਸਬੂਤ ਇਹ ਹੈ ਕਿ ਅਸੀਂ ਆਪਣੇ **ਮਾਇਕੀ ਜੀਵਨ ਵਿਚ** ਉਸੇ ਤਰ੍ਹਾਂ

ਅੰਨ੍ਹੇ–ਵਾਹ
ਬੇ–ਪ੍ਰਵਾਹ
ਬੇ–ਧਿਆਨੇ
ਬੇ–ਦਿਲ
ਓਪਰੇ ਜਿਹੇ ਮਨ ਨਾਲ

ਅਗਿਆਨਤਾ ਦੇ ਰੋੜ੍ਹ ਵਿਚ ਰੁੜ੍ਹੇ ਜਾ ਰਹੇ ਹਾਂ! ਸਾਨੂੰ ਦੂਜੇ ਭਾਉ ਦੇ

ਅੰਤ੍ਰੀਵ ਭਾਵ
ਗਿਆਨ
ਅਨੁਭਵ
ਤੱਤ ਗਿਆਨ

ਦੀ ਕੋਈ ਸੋਝੀ ਨਹੀਂ ਹੋਈ ਅਤੇ ਅਸੀਂ ਇਸ ਦੇ

ਗੁੱਝੇ
ਅਨੁਭਵੀ
ਤੱਤ ਗਿਆਨ

**ਤੋਂ ਵਾਂਝੇ ਜਾ ਰਹੇ ਹਾਂ।**

ਇਸੇ ਕਾਰਣ ਗੁਰਬਾਣੀ ਦਾ ਸਾਡੇ **ਮਾਇਕੀ ਜੀਵਨ** ਉਤੇ ਕੋਈ ਖਾਸ ਅਸਰ ਨਹੀਂ ਹੁੰਦਾ।

ਅਸੀਂ ਆਪਣੀ ਅਗਿਆਨਤਾ ਵਿਚ ਗੁਰਬਾਣੀ ਦੇ

ਪੜ੍ਹੇ-ਪੜ੍ਹਾਏ
ਸੁਣੇ-ਸੁਣਾਏ
ਸਮਝੇ-ਸਮਝਾਏ
ਸਿੱਖੇ-ਸਿਖਾਏ

ਓਪਰੇ ਦਿਮਾਗੀ ਗਿਆਨ ਨਾਲ ਹੀ

**ਸੰਤੁਸ਼ਟ ਹਾਂ।**

ਅਸੀਂ ਓਪਰੇ ਜਿਹੇ ਮਨ ਨਾਲ ਇਲਾਹੀ ਗੁਰਬਾਣੀ ਦਾ ਪਾਠ, ਗਾਇਨ, ਕਥਾ ਆਦਿ ਕਰ ਛੱਡਦੇ ਹਾਂ, ਜਦ ਕਿ ਗੁਰਬਾਣੀ ਸਾਨੂੰ ਸੁਚੇਤ ਕਰਦੀ ਹੈ

ਹਉਮੈ ਵਿਚਿ ਸਭਿ ਪੜਿ ਥਕੇ ਦੂਜੈ ਭਾਇ ਖੁਆਰੁ ॥ (ਪੰਨਾ-650)

ਉਪਦੇਸੁ ਕਰੈ ਆਪਿ ਨ ਕਮਾਵੈ ਤਤੁ ਸਬਦੁ ਨ ਪਛਾਨੈ ॥ (ਪੰਨਾ-380)

ਵਰਤੁ ਨੇਮੁ ਨਿਤਾਪ੍ਰਤਿ ਪੂਜਾ ॥
**ਬਿਨੁ ਬੂਝੈ ਸਭੁ ਭਾਉ ਹੈ ਦੂਜਾ ॥** (ਪੰਨਾ-841)

ਗਿਆਨੁ ਧਿਆਨੁ ਸਭੁ ਕੋਈ ਰਵੈ ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥ (ਪੰਨਾ-728)

ਰਹਤ ਅਵਰ ਕਛੁ ਅਵਰ ਕਮਾਵਤ ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ ॥ (ਪੰਨਾ-269)

ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥ (ਪੰਨਾ-278)

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ **ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥** (ਪੰਨਾ-467)

ਇਸੇ **ਅਧੂਰੇ ਦਿਮਾਗੀ ਗਿਆਨ** ਦੇ ਅਧਾਰ ਤੇ ਹੀ ਅਸੀਂ

ਲੈਕਚਰ ਦਿੰਦੇ ਹਾਂ
ਕਥਾ ਵਾਰਤਾ ਕਰਦੇ ਹਾਂ
ਲੇਖ ਲਿਖਦੇ ਹਾਂ
ਕਿਤਾਬਾਂ ਛਪਾਉਂਦੇ ਹਾਂ
ਗਿਆਨ ਘੋਟਦੇ ਹਾਂ

ਜਿਸ ਨਾਲ ਭੋਲੀ-ਭਾਲੀ ਜਨਤਾ ਹੋਰ ਵੀ ਭੰਬਲਭੂਸੇ ਵਿਚ ਪੈ ਜਾਂਦੀ ਹੈ ਅਤੇ ਇਸੇ ਨੂੰ ਹੀ ਧਰਮ ਕਮਾਉਣਾ ਸਮਝੀ ਜਾਂਦੀ ਹੈ। ਭਾਵੇਂ ਗੁਰਬਾਣੀ ਇਸ ਬਾਰੇ ਸਾਨੂੰ ਬਾਰ-ਬਾਰ ਤਾੜਨਾ ਕਰਦੀ ਹੈ

ਫੋਕਟ ਕਰਮ ਕਰਹਿ ਅਗਿਆਨੀ ਮਨਮੁਖਿ ਅੰਧ ਕਹਾਵਥ ॥ (ਪੰ.-1001)

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ (ਪੰਨਾ-747)

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥1॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ (ਪੰ.-641)

ਪੜਿ ਪੰਡਿਤੁ ਅਵਰਾ ਸਮਝਾਏ ॥
ਘਰ ਜਲਤੇ ਕੀ ਖਬਰਿ ਨ ਪਾਏ ॥ (ਪੰਨਾ-1046)

ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ ॥
ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ ॥ (ਪੰਨਾ-1369)

ਕਥਨੀ ਬਦਨੀ ਕਰਤਾ ਫਿਰੈ
ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥ (ਪੰਨਾ-509)

ਿ ਦਗੀ ਵਿਚ ਜਦ ਸਾਨੂੰ ਕੋਈ ਔਕੜ ਪੇ ਆਉਂਦੀ ਹੈ ਤਾਂ ਉਸ ਨੂੰ ਸੁਲਝਾਉਣ ਲਈ ਅਸੀਂ ਆਪਣੇ ਤੋਂ

ਸਿਆਣਿਆਂ
ਮਹਾਂਪੁਰਖਾਂ
ਸੰਤਾਂ
ਗੁਰੂਆਂ
ਪੀਰਾਂ-ਫਕੀਰਾਂ

ਦੀ

ਸਲਾਹ
ਅਗਵਾਈ
ਜੀਵਨ-ਸੇਧ
ਫੈਸਲਾ

ਲੋੜਦੇ ਹਾਂ!

ਇਸੇ ਤਰ੍ਹਾਂ ਪਰਮਾਰਥ-ਜੀਵਨ ਵਿਚ ਜਦ ਕੋਈ **ਅਤਿ ਸੂਖਮ,** ਗੁੰਝਲਦਾਰ ਮਾਮਲਾ ਜਾਂ ਨੁਕਤਾ ਪੇ ਆਉਂਦਾ ਹੈ ਤਾਂ ਅਸੀਂ ਗੁਰਬਾਣੀ ਦਾ ਆਸਰਾ ਤੇ ਅਗਵਾਈ ਲੈਂਦੇ ਹਾਂ। ਗੁਰਬਾਣੀ ਵਿਚ ਸਤਿਗੁਰਾਂ ਨੇ ਸਾਡੇ ਹਰ ਤਰ੍ਹਾਂ ਦੇ ਂ ਕਿਆਂ ਨੂੰ ਦੂਰ ਕਰਕੇ ਸਾਨੂੰ ਸਹੀ ਜੀਵਨ ਸੇਧ ਦਿੱਤੀ ਹੈ।

ਸੋ, ਪਹਿਲਾਂ ਅਸੀਂ ਗੁਰਮਤਿ ਦੇ ਬੁਨਿਆਦੀ ਨੁਕਤਿਆਂ ਨੂੰ ਚੰਗੀ ਤਰ੍ਹਾਂ ਦ੍ਰਿੜ੍ਹ ਕਰ ਲਈਏ, ਕਿਉਂਕਿ ਇਸ ਸੂਖਮ ਤੇ ਡੂੰਘੀ ਵਿਚਾਰ ਵਿਚ ਇਨ੍ਹਾਂ ਬੁਨਿਆਦੀ ਨੁਕਤਿਆਂ ਤੋਂ ਬਹੁਤ ਸਹਾਇਤਾ ਮਿਲ ਸਕਦੀ ਹੈ।

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ-463)

ਏਕਸੁ ਤੇ ਸਭੁ ਦੂਜਾ ਹੂਆ ॥
ਏਕੋ ਵਰਤੈ ਅਵਰੁ ਨ ਬੀਆ ॥ (ਪੰਨਾ-842)

ਦੂਜਾ ਭਾਉ ਰਚਾਇਓਨੁ ਤ੍ਰੈਗੁਣ ਵਰਤਾਰਾ ॥....
ਸਭੁ ਕਿਛੁ ਤੇਰਾ ਖੇਲੁ ਹੈ ਸਚੁ ਸਿਰਜਣਹਾਰਾ ॥ (ਪੰਨਾ-948)

ਜਹ ਆਪਿ ਰਚਿਓ ਪਰਪੰਚੁ ਅਕਾਰੁ ॥
ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ (ਪੰਨਾ-291-92)

ਆਪਨ ਖੇਲੁ ਆਪਿ ਕਰਿ ਦੇਖੈ ॥
ਖੇਲੁ ਸੰਕੋਚੈ ਤਉ ਨਾਨਕ ਏਕੈ ॥ (ਪੰਨਾ-292)

ਬਾਣੀ ਦੀਆਂ ਇਨ੍ਹਾਂ ਪੰਗਤੀਆਂ ਦਾ ਨਿਰਨਾ ਤੇ ਖੋਜ ਕਰਨ ਤੋਂ ਪਤਾ ਲਗਦਾ ਹੈ ਕਿ

1. ਅਕਾਲ ਪੁਰਖ 1 ਓਂਕਾਰ ਕਰਤਾ ਪੁਰਖ ਹੈ। ਉਸਦੀ ਹਸਤੀ ਤੋਂ ਬਗੈਰ ਕੋਈ ਹੋਰ ਹਸਤੀ ਨਹੀਂ ਹੈ

ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ ॥
ਨ ਘਾਟਿ ਹੈ ਨਾ ਬਾਢਿ ਹੈ ਨ ਘਾਟਿ ਬਾਢਿ ਹੋਤ ਹੈ ॥

(ਅਕਾਲ ਉਸਤਤਿ ਪਾ : 10)

ਈਤਹਿ ਊਤਹਿ ਘਟਿ ਘਟਿ ਘਟਿ ਘਟਿ ਤੂੰਹੀ ਤੂੰਹੀ ਮੋਹਿਨਾ ॥1॥
ਕਾਰਨ ਕਰਨਾ ਧਾਰਨ ਧਰਨਾ ਏਕੈ ਏਕੈ ਸੋਹਿਨਾ ॥ (ਪੰਨਾ-407)

2. ਆਪਣੀ ਮੌਜ ਵਿਚ ਅਕਾਲ ਪੁਰਖ ਨੇ

## ਦੁਯੀ ਕੁਦਰਤਿ

ਸਾਜੀ ਹੈ ਅਤੇ ਆਪਣੇ ਹੁਕਮ ਦੁਆਰਾ ਇਸ ਕੁਦਰਤ ਨੂੰ ਚਲਾਉਂਦਾ ਤੇ ਵੇਖ-ਵੇਖ ਵਿਗਸਦਾ ਹੈ

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥ (ਪੰਨਾ-463)

ਕੀਤਾ ਪਸਾਉ ਏਕੋ ਕਵਾਉ ॥
ਤਿਸ ਤੇ ਹੋਏ ਲਖ ਦਰੀਆਉ ॥ (ਪੰਨਾ-3)

ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ ॥ (ਪੰਨਾ-1043)

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥ (ਪੰਨਾ-1)

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ ॥ (ਪੰਨਾ-786)

ਏਸ ਦੁਯੀ ਕੁਦਰਤਿ ਨੂੰ ਹੀ

1. ਦੂਜਾ ਭਾਉ
2. ਦੂਜੇ ਦੋਇ
3. ਖੇਲੁ-ਅਖਾੜਾ
4. ਵਡ-ਖੇਲੁ ਤਮਾ ਾ
5. ਮਾਇਆ

ਆਦਿ ਕਿਹਾ ਜਾਂਦਾ ਹੈ।

ਏਕਸੁ ਤੇ ਸਭੁ **ਦੂਜਾ ਹੂਆ ॥**
ਏਕੋ ਵਰਤੈ ਅਵਰੁ ਨ ਬੀਆ ॥ (ਪੰਨਾ-842)

ਇਸ ਵਡ-ਖੇਲੁ-ਤਮਾ ੇ ਨੂੰ ਚਲਾਉਣ ਤੇ ਦਿਲਚਸਪ ਬਣਾਉਣ ਲਈ ਅਕਾਲ-ਪੁਰਖ ਨੇ ਇਸਦੇ ਅਦਾਕਾਰਾਂ (ਇਨਸਾਨਾਂ) ਦੇ ਹਿਰਦੇ ਵਿਚ

ਮੈਂ-ਮੇਰੀ ਦੀ ਖਿਚੋਤਾਣ ਤੇ
ਦੂਜੇ ਭਾਉ ਦੀ ਭਾਵਨਾ

ਭਰ ਦਿੱਤੀ, ਤਾਂ ਕਿ ਉਹ ਇਸ ਵਡ-ਖੇਲ੍ਹ-ਤਮਾ ੇ ਨੂੰ ਦਿਲਚਸਪ ਬਣਾਉਣ ਵਿਚ ਆਪਣਾ ਹਿੱਸਾ ਪਾਉਣ। ਪਰ ਅਸੀਂ ਇਸੇ ਖੇਲ੍ਹ ਵਿਚ **ਗਲਤਾਨ ਹੋ ਕੇ**

***ਆਪਣਾ ਆਪਾ ਹੀ ਭੁੱਲ ਜਾਂਦੇ ਹਾਂ***

ਦਾਤਿ ਪਿਆਰੀ ਵਿਸਰਿਆ ਦਾਤਾਰਾ ॥ (ਪੰਨਾ-676)

ਜਿਨ੍ਹੀ ਨਾਮੁ ਵਿਸਾਰਿਆ **ਦੂਜੇ ਭਰਮਿ ਭੁਲਾਈ ॥**
ਮੂਲੁ ਛੋਡਿ ਡਾਲੀ ਲਗੇ ਕਿਆ ਪਾਵਹਿ ਛਾਈ ॥ (ਪੰਨਾ-420)

ਮੇਰੀ ਮੇਰੀ ਧਾਰਿ ਬੰਧਨਿ ਬੰਧਿਆ ॥
ਨਰਕਿ ਸੁਰਗਿ ਅਵਤਾਰ ਮਾਇਆ ਧੰਧਿਆ ॥ (ਪੰਨਾ-761)

ਇਸ ਨੁਕਤੇ ਨੂੰ ਸਪ ਟ ਕਰਨ ਲਈ ਅਸੀਂ ਸਕੂਲ ਦੀਆਂ ਖੇਡਾਂ ਦੀ ਉਦਾਹਰਣ ਦੇ ਸਕਦੇ ਹਾਂ। ਸਕੂਲ ਦੀਆਂ ਦੋ ਵਿਰੋਧੀ ਟੀਮਾਂ ਵਿਚਕਾਰ ਮੈਚ ਹੁੰਦਾ ਹੈ, ਜਿਸ ਵਿਚੋਂ ਇੱਕ ਨੂੰ ਜੇਤੂ ਕਰਾਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਤ੍ਰੈਗੁਣੀ ਮਾਇਕੀ-ਮੰਡਲ ਵਿਚ ਸਾਰਾ ਸੰਸਾਰ ਹੀ ਇਕ ਵੱਡ **ਖੇਲ੍ਹ-ਅਖਾੜਾ** ਹੈ, ਜਿਸ ਵਿਚ ਸਾਰੇ ਜੀਵ ਖੇਡ-ਪਰਚ ਰਹੇ ਹਨ।

ਪਰ ਇਥੇ ਫਰਕ ਇਹ ਹੈ ਕਿ ਸਕੂਲਾਂ ਵਿਚ ਅਸੀਂ ਭਾਵੇਂ ਸਾਰਾ ੋਰ ਲਾ ਕੇ ਆਪਣੀ ਟੀਮ ਨੂੰ ਜਿਤਾਉਣ ਦੀ ਕੋ ਿ ਕਰਦੇ ਹਾਂ, ਤੇ ਥੋੜ੍ਹੀ ਦੇਰ ਇਕ-ਦੂਜੇ ਦੇ ਖਿਲਾਫ ਲੜਦੇ-ਭਿੜਦੇ, ਮੈਂ-ਮੇਰੀ ਤੇ ਤੂੰ-ਤੇਰੀ ਦੀ ਖੇਲ੍ਹ ਰਚਾਉਂਦੇ ਹਾਂ ਪਰ ਮਗਰੋਂ ਅਸੀਂ ਇਕੋ ਕਲਾਸ ਤੇ ਸਕੂਲ ਦੇ ਵਿਦਿਆਰਥੀ ਹੁੰਦੇ ਹਾਂ ਅਤੇ ਇਕ ਦੂਜੇ ਨਾਲ ਮੈਤ੍ਰੀ-ਭਾਵ ਨਾਲ ਵਿਚਰਦੇ ਹਾਂ।

ਦੂਜੇ ਪਾਸੇ ਇਸ ਮਾਇਕੀ ਦੁਨੀਆਂ ਵਿਚ ਅਸੀਂ ਇਕ ਦੂਜੇ ਨਾਲ ਸਾਰੀ ਉਮਰ ਦੇ ਵੈਰ-ਵਿਰੋਧ, ਈਰਖਾ-ਦਵੈਤ ਅਥਵਾ

**ਦੂਜਾ-ਭਾਉ**

ਸਹੇੜ ਲੈਂਦੇ ਹਾਂ, ਤੇ ਇਹ ਵੈਰ-ਵਿਰੋਧ ਦੀ ਦਵੈਤ ਜਾਂ ਐਲਰਜੀ (allergy) ਸਾਡੇ ਅਗਲੇ ਜਨਮਾਂ ਵਿਚ ਵੀ ਸਾਡੇ ਨਾਲ ਜਾਂਦੀ ਹੈ

ਸਪੁ ਪਿੜਾਈ ਪਾਈਐ ਬਿਖੁ ਅੰਤਰਿ ਮਨਿ ਰੋਸੁ ॥
ਪੂਰਬਿ ਲਿਖਿਆ ਪਾਈਐ ਕਿਸ ਨੋ ਦੀਜੈ ਦੋਸੁ ॥ (ਪੰਨਾ-1009)

ਹਉਮੈ ਮੈਲਾ ਜਗੁ ਫਿਰੈ ਮਰਿ ਜੰਮੈ ਵਾਰੋ-ਵਾਰ ॥
ਪਇਐ ਕਿਰਤਿ ਕਮਾਵਣਾ ਕੋਇ ਨ ਮੇਟਣਹਾਰ ॥ (ਪੰਨਾ-756)

ਨਾਮ ਬਿਨਾ ਸਭੁ ਜਗੁ ਹੈ ਮੈਲਾ **ਦੂਜੇ ਭਰਮਿ ਪਤਿ ਖੋਈ ॥** (ਪੰਨਾ-1234)

ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ ॥ (ਪੰਨਾ-610)

ਇਸ ਨੁਕਤੇ ਨੂੰ ਹੋਰ ਸਪ ਟ ਕਰਨ ਲਈ ਸਾਨੂੰ ਚੇਤੇ ਰੱਖਣਾ ਪਵੇਗਾ ਕਿ

1. ਅਸੀਂ ਕਿਸੇ ਸਕੂਲ-ਕਾਲਿਜ ਦੇ **ਆਰ ੀ ਵਿਦਿਆਰਥੀ ਹਾਂ।**
2. ਇਹ ਖੇਲ੍ਹ ਤਮਾ ਾ ਕਿਸੇ ਉਚੇਰੀ ਦੈਵੀ ਹਸਤੀ ਦੀ ਅਗਵਾਈ ਵਿਚ ਹੋ ਰਿਹਾ ਹੈ।
3. ਅਸੀਂ ਕਠ-ਪੁਤਲੀ ਬਣਕੇ ਉਸਦਾ ਹੁਕਮ ਕਮਾ ਰਹੇ ਹੁੰਦੇ ਹਾਂ।

ਤੁਧੁ ਸੰਸਾਰੁ ਉਪਾਇਆ ॥ ਸਿਰੇ ਸਿਰਿ ਧੰਧੇ ਲਾਇਆ ॥
ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥ (ਪੰਨਾ-71)

ਜਦ ਤਾਈਂ ਅਸੀਂ ਅਕਾਲ ਪੁਰਖ ਦੀ **ਇਲਾਹੀ ਵਿਉਂਤ** ਅਥਵਾ ਹੁਕਮ ਵਿਚ ਆਪੋ ਆਪਣਾ ਪਾਰਟ ਅਦਾ ਕਰ ਰਹੇ ਹੁੰਦੇ ਹਾਂ, ਉਦੋਂ ਤਾਈਂ ਇਲਾਹੀ ਖੇਲ੍ਹ-ਅਖਾੜਾ ਨਿਰ-ਵਿਘਨ ਚਲਦਾ ਰਹਿੰਦਾ ਹੈ ਅਤੇ ਇਸਦੇ ਖਿਡਾਰੀਆਂ ਅਰਥਾਤ ਜੀਵਾਂ ਨੂੰ ਵਡਿਆਈ ਮਿਲਦੀ ਹੈ। ਪਰ ਜਦ ਜੀਵ ਆਪਣੇ ਮਾਲਕ ਅਕਾਲ ਪੁਰਖ ਨੂੰ ਭੁੱਲ ਜਾਂਦੇ ਹਨ ਤਾਂ ਉਹ ਮੋਹ ਮਾਇਆ ਦੀ ਅਗਿਆਨਤਾ ਵਿਚ ਦੂਜੇ ਭਾਉ ਦੇ ਅਸਰ ਹੇਠ ਆਪ ਹੀ ਮਾਲਕ ਤੇ ਕਰਤਾ-ਧਰਤਾ ਬਣ ਬੈਠਦੇ ਹਨ ਅਤੇ **ਮਨ-ਮਰ ੀ** ਕਰਨ ਲਗ ਪੈਂਦੇ ਹਨ। ਇਸ ਤਰ੍ਹਾਂ ਬੇਮੁਖ ਜੀਵ **ਇਲਾਹੀ ਬਰਕਤਾਂ ਤੋਂ ਵਾਂਝੇ ਰਹਿੰਦੇ ਹਨ** ਅਤੇ ਕਰਮਬੱਧ ਹੋ ਕੇ ਜੋ ਮੈ ਕੀਆ ਸੋ ਮੈ ਪਾਇਆ ਦੇ ਅਸੂਲ ਅਨੁਸਾਰ ਦੁਖ-ਸੁਖ ਭੋਗਦੇ ਹਨ

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥ (ਪੰਨਾ-1)

ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ
ਹਿਕਮਤਿ ਹੁਕਮੁ ਚੁਕਾਈਐ। (ਪੰਨਾ-722)

ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ ॥ (ਪੰਨਾ-470)

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥ (ਪੰਨਾ-684)

ਇਹੁ ਮਨੁ ਧੰਧੈ ਬਾਂਧਾ ਕਰਮ ਕਮਾਇ ॥
ਮਾਇਆ ਮੂਠਾ ਸਦਾ ਬਿਲਲਾਇ ॥ (ਪੰਨਾ–1176)

**ਦੂਜੈ ਭਾਇ ਸਦਾ ਦੁਖੁ ਪਾਏ ਤ੍ਰੈ ਗੁਣ ਭਰਮਿ ਭੁਲਾਇਦਾ ॥** (ਪੰ.–1066)

ਇਸ ਦੇ ਮੁਕਾਬਲੇ ਤੇ ਦੂਜੇ ਪਾਸੇ **ਗੁਰਮੁਖ ਜੀਵਨ ਹੈ।**

ਗੁਰਮੁਖ ਜੀਵਨ ਵਿਚ ਜਗਿਆਸੂ ਨੂੰ ਆਪਣਾ ਕਰਤਾ ਪੁਰਖ **ਯਾਦ ਰਹਿੰਦਾ ਹੈ।** ਉਹ ਸਤਿਗੁਰੂ ਦੇ ਹੁਕਮ ਵਿਚ ਵਿਚਰਦਾ ਹੈ ਉਸ ਉਤੇ ਮਾਇਆ ਦੀ **ਰੰਗਣ** ਨਹੀਂ ਚੜ੍ਹੀ ਹੁੰਦੀ ਕਿਉਂਕਿ ਉਹ ਮਾਇਆ ਵਿਚ **ਵਿਚਰਦਾ ਹੋਇਆ ਵੀ ਮਾਇਆ–ਪ੍ਰਾਇਣ ਨਹੀਂ ਹੁੰਦਾ।**

ਉਹ ਆਪਣੇ ਸਤਿਗੁਰ ਦੀ ਓਟ, ਆਸਰਾ, ਅਗਵਾਈ ਲੈ ਕੇ, **ਆਤਮ–ਪ੍ਰਾਇਣ** ਹੋ ਕੇ ਮਾਇਕੀ ਫਰ ਨਿਭਾਉਂਦਾ ਹੈ ਤੇ ਮਾਇਆ ਦੀ ਇਸ ਦਲਦਲ ਵਿਚ ਵੀ ਕਮਲ ਦੇ ਫੁੱਲ ਵਾਂਗ ਅਲਿਪਤ ਵਰਤਦਾ ਹੈ

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥ (ਪੰਨਾ–938)

ਜਿਉ ਜਲ ਮਹਿ ਕਮਲੁ ਅਲਿਪਤੋ ਵਰਤੈ
ਤਿਉ ਵਿਚੇ ਗਿਰਹ ਉਦਾਸੁ ॥ (ਪੰਨਾ–949)

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥1॥
ਬਾਹਰਿ ਸੂਤੁ ਸਗਲ ਸਿਉ ਮਉਲਾ ॥
ਅਲਿਪਤੁ ਰਹਉ ਜੈਸੇ ਜਲ ਮਹਿ ਕਉਲਾ ॥ (ਪੰਨਾ–384)

ਗੁਰਸਿਖ ਜੋਗੀ ਜਾਗਦੇ
**ਮਾਇਆ ਅੰਦਰਿ ਕਰਨਿ ਉਦਾਸੀ ॥** (ਵਾ. ਭਾ. ਗੁ. 29/15)

ਐਸਾ ਗੁਰਮੁਖ ਸਤਿਗੁਰੂ ਦਾ ਬੈ–ਖਰੀਦ ਗੋਲਾ ਬਣ ਕੇ ਇਸ ਦੁਨੀਆਂ ਵਿਚ ਮਾਇਕੀ ਜੀਵਨ ਬਤੀਤ ਕਰਦਾ ਹੈ। ਦੂਜੇ ਲਫ ਾਂ ਵਿਚ **ਉਸਦੀ ਆਤਮਾ** ਸਿਮਰਨ ਦੁਆਰਾ ਆਪਣੇ ਸਤਿਗੁਰੂ ਦੀ ਆਗਿਆ ਵਿਚ **ਹੁਕਮ ਦੀ ਕਾਰ** ਕਮਾਉਂਦੀ ਹੈ

ਹੁਕਮੁ ਬੂਝੈ ਸੋ ਸੇਵਕੁ ਕਹੀਐ ॥ (ਪੰਨਾ–1076)

ਗੁਰਮੁਖਿ ਅਲਿਪਤੁ ਰਹੈ ਸੰਸਾਰੇ ॥
ਗੁਰ ਕੈ ਤਕੀਐ ਨਾਮਿ ਅਧਾਰੇ ॥ (ਪੰਨਾ–118)

ਸਦਾ ਅਲਿਪਤੁ ਰਹੈ ਗੁਰ ਸਬਦੀ ਸਾਚੇ ਸਿਉ ਚਿਤੁ ਲਾਇਦਾ ॥ (ਪੰ.–1061)

ਹਰਖ ਸੋਗ ਦੁਹਹੂੰ ਤੇ ਮੁਕਤੇ ॥
ਸਦਾ ਅਲਿਪਤੁ ਜੋਗ ਅਰੁ ਜੁਗਤੇ ॥
ਦੀਸਹਿ ਸਭ ਮਹਿ ਸਭ ਤੇ ਰਹਤੇ ॥
ਪਾਰਬ੍ਰਹਮ ਕਾ ਓਇ ਧਿਆਨੁ ਧਰਤੇ ॥ (ਪੰਨਾ-181)

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ ॥
ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ ॥ (ਪੰਨਾ-919-20)

ਪਰ ਐਸੇ ਬਖ਼ੇ ਹੋਏ ਮਰਜੀਵੜੇ ਕੋਈ ਵਿਰਲੇ ਹੀ ਹੁੰਦੇ ਹਨ

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥ (ਪੰਨਾ-495)

ਆਮ ਤੌਰ ਤੇ ਬਹੁਤੀ ਖਲਕਤ ਤਾਂ ਮਾਇਆ ਦੇ ਰੰਗ-ਤਮਾਸ਼ੇ ਵਿਚ ਹੀ ਮਸਤ ਤੇ ਗਲਤਾਨ ਹੋਈ ਹੋਈ ਹੈ, ਉਨ੍ਹਾਂ ਨੂੰ ਅਕਾਲ-ਪੁਰਖ ਦੀ ਬਾਬਤ ਕੋਈ

ਜਾਣਕਾਰੀ
ਸੋਝੀ
ਗਿਆਨ
ਦਿਲਚਸਪੀ

ਨਹੀਂ ਹੈ।

ਉਨ੍ਹਾਂ ਲਈ ਇਹ ਜੱਗ ਮਿੱਠਾ ਅਗਲਾ ਕਿਨ ਡਿੱਠਾ ਹੀ ਅਸਲੀ ਜੀਵਨ-ਸੇਧ ਹੈ।

ਉਨ੍ਹਾਂ ਨੂੰ ਰੱਬ ਭੁੱਲਿਆ ਹੋਇਆ ਹੈ, ਅਸਲ ਵਿਚ ਉਨ੍ਹਾਂ ਦਾ

**ਰੱਬ ਮਾਇਆ ਹੈ।**

ਉਹ **ਮਾਇਆ ਦੇ ਪ੍ਰਾਇਣ** ਹੋ ਕੇ **ਮਾਇਕੀ ਜੀਵਨ** ਬਤੀਤ ਕਰਦੇ ਹਨ। ਐਸੇ ਜੀਵਾਂ ਨੂੰ ਮਨਮੁਖ ਕਿਹਾ ਗਿਆ ਹੈ, ਕਿਉਂਕਿ ਇਨ੍ਹਾਂ ਦਾ

ਗਿਆਨ
ਧਿਆਨ
ਰੁਚੀ
ਜੀਵਨ

ਸਭ **ਮਾਇਆ ਉਤੇ ਆਧਾਰਿਤ ਹੈ।** ਇਨ੍ਹਾਂ ਨੂੰ ਰੱਬ ਦੀ ਹੋਂਦ ਉਤੇ ਹੀ ਭਰੋਸਾ ਜਾਂ ਰਧਾ ਨਹੀਂ ਹੁੰਦੀ, ਸਗੋਂ ਜੋ ਵੀ ਕਰਮ ਕਾਂਡ ਕਰਦੇ ਹਨ, ਉਹ ਓਪਰੇ ਜਿਹੇ ਮਨ ਨਾਲ ਦਿਖਾਵੇ ਲਈ **ਠਾਠਾ-ਬਾਗਾ** ਕਰ ਛਡਦੇ ਹਨ।

ਐਸੇ

**ਮਾਇਕੀ-ਜੀਵਨ**

ਨੂੰ ਹੀ **ਦੂਜਾ-ਭਾਉ** ਆਖਿਆ ਜਾਂਦਾ ਹੈ, ਜਿਸ ਵਿਚ ਸਾਰੀ ਦੁਨੀਆਂ ਗਲਤਾਨ ਹੈ।

ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ (ਪੰਨਾ-133)

ਇਹੁ ਜਗੁ ਮਾਇਆ ਮੋਹਿ ਵਿਆਪਿਆ ਦੂਜੇ ਭਰਮਿ ਭੁਲਾਇ ॥ (ਪੰਨਾ-430)

ਜਗਤੁ ਅਗਿਆਨੀ ਅੰਧੁ ਹੈ ਦੂਜੈ ਭਾਇ ਕਰਮ ਕਮਾਇ ॥
ਦੂਜੈ ਭਾਇ ਜੇਤੇ ਕਰਮ ਕਰੇ ਦੁਖੁ ਲਗੈ ਤਨਿ ਧਾਇ ॥ (ਪੰਨਾ-593)

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥ (ਪੰਨਾ-684)

ਜਹ ਦੇਖਾ ਤਹ ਜੇਵਰੀ ਮਾਇਆ ਕਾ ਸਨਬੰਧੁ ॥ (ਪੰਨਾ-551)

ਦੂਜੇ ਲਫ ਾਂ ਵਿਚ ਅਕਾਲ ਪੁਰਖ ਨੂੰ **ਭੁੱਲ ਕੇ**

**ਮਾਇਆ ਦੇ ਪ੍ਰਾਇਣ ਹੋਣਾ ਹੀ**
**ਦੂਜਾ ਭਾਉ**

ਅਖਵਾਉਂਦਾ ਹੈ।

ਜੇ ਕਿਸੇ ਰੂਹ ਨੂੰ ਭਾਗਾਂ ਨਾਲ **ਸਤਿਸੰਗ ਪ੍ਰਾਪਤ ਹੋ ਜਾਵੇ ਤਾਂ** ਉਸਦੀ ਰੁਚੀ ਪਰਮਾਰਥ ਵੱਲ **ਮੁੜਦੀ** ਹੈ। ਪਰ ਐਸੀਆਂ ਵਿਰਲੀਆਂ ਰੂਹਾਂ ਅਥਵਾ ਜਗਿਆਸੂਆਂ ਨੂੰ ਜੇਕਰ ਮਾਇਕੀ ਦਿਮਾਗੀ ਗਿਆਨੀ ਅਥਵਾ **ਫੋਕੇ ਧਰਮ ਦੇ ਠੇਕੇਦਾਰ** ਮਿਲ ਜਾਣ ਤਾਂ ਉਹ ਆਪੋ-ਆਪਣੇ ਮਨ ਦੀ ਰੰਗਤ ਅਨੁਸਾਰ ਆਪਣੇ

ਸੁਣੇ-ਸੁਣਾਏ
ਪੜ੍ਹੇ-ਪੜ੍ਹਾਏ
ਸਮਝੇ-ਸਮਝਾਏ
ਬਾਹਰਮੁਖੀ
ਦਿਮਾਗੀ
ਫੋਕੇ
ਕੂੜੇ

ਗਿਆਨ ਦਾ ਪ੍ਰਚਾਰ ਕਰਕੇ ਇਨ੍ਹਾਂ ਹੋਣਹਾਰ ਜਗਿਆਸੂਆਂ ਨੂੰ **ਧਾਰਮਿਕ ਭੰਬਲ ਭੂਸਿਆਂ** ਵਿਚ ਪਾ ਦਿੰਦੇ ਹਨ, ਜਿਸ ਨਾਲ ਇਹ ਭੋਲੇ–ਭਾਲੇ ਜਗਿਆਸੂ **ਬਾਹਰਮੁਖੀ ਕਰਮ–ਕਾਂਡਾਂ ਵਿਚ ਫਸ ਕੇ** ਆਪਣਾ ਜੀਵਨ ਅਜਾਈਂ ਗੁਆਉਂਦੇ ਹਨ ਅਤੇ ਅਗਿਆਨਤਾ ਵਿਚ ਹਉਮੈ **ਅਧੀਨ ਕੀਤੇ ਕਰਮ–ਕਾਂਡਾਂ ਨੂੰ** ਹੀ ਧਰਮ ਕਮਾਉਣਾ ਸਮਝੀ ਜਾਂਦੇ ਹਨ, ਜਦ ਕਿ ਗੁਰਬਾਣੀ ਸਾਨੂੰ ਸੁਚੇਤ ਕਰਦੀ ਹੈ

ਕੋਟਿ ਕਰਮ ਕਰੈ ਹਉ ਧਾਰੇ ॥
ਸ੍ਰਮੁ ਪਾਵੈ ਸਗਲੇ ਬਿਰਥਾਰੇ ॥ (ਪੰਨਾ–278)

ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥ (ਪੰਨਾ–747)

ਪੂਜਾ ਅਰਚਾ ਬੰਦਨ ਡੰਡਉਤ ਖਟੁ ਕਰਮਾ ਰਤੁ ਰਹਤਾ ॥
ਹਉ ਹਉ ਕਰਤ ਬੰਧਨ ਮਹਿ ਪਰਿਆ ਨਹ ਮਿਲੀਐ ਇਹ ਜੁਗਤਾ ॥ (ਪੰ.–642)

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥ (ਪੰਨਾ–1428)

ਕੂਰ ਕ੍ਰਿਆ ਉਰਝਿਓ ਸਭਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨਾ ਪਾਇਓ ॥ (ਸਵੱਯੇ ਪਾ–10)

**ਪਿਆਰੇ ਇਨ ਬਿਧਿ ਮਿਲਣੁ ਨ ਜਾਈ**
**ਮੈ ਕੀਏ ਕਰਮ ਅਨੇਕਾ ॥** (ਪੰਨਾ–641)

ਐਸੀ **ਨੀਮ–ਧਾਰਮਿਕ–ਜਗਿਆਸਾ** ਨੂੰ ਹੀ

**ਦੂਜਾ–ਭਾਉ**

ਕਿਹਾ ਗਿਆ ਹੈ

ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥
ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥ (ਪੰਨਾ–1369)

ਗਿਆਨੁ ਧਿਆਨੁ ਸਭੁ ਕੋਈ ਰਵੈ ॥
ਬਾਂਧਨਿ ਬਾਂਧਿਆ ਸਭੁ ਜਗੁ ਭਵੈ ॥ (ਪੰਨਾ–728)

ਨਾਨਕ ਸਚੇ ਨਾਮ ਵਿਹੂਣੀ ਭੁਲਿ ਭੁਲਿ ਪਛੋਤਾਣੀ ॥ (ਪੰਨਾ–1111)

ਇਸ **ਦੂਜੇ ਭਾਉ** ਵਾਲੀ ਰੁਚੀ, ਅਥਵਾ **ਮਨ ਦੀ ਰੰਗਤ** ਨਾਲ ਅਸੀਂ ਜੋ ਵੀ **ਬਾਹਰਮੁਖੀ ਕਰਮ–ਕਾਂਡ ਕਰਦੇ ਹਾਂ** ਸਭ ਫੋਕੇ ਤੇ ਕੂੜੇ ਹਨ, ਕਿਉਂਕਿ ਇਨ੍ਹਾਂ ਦੀ **ਟੇਕ** ਨਿਰੋਲ ਅਕਾਲ ਪੁਰਖ ਉਤੇ ਨਹੀਂ, ਬਲਕਿ ਆਪਣੀ

ਹਉਮੈ
ਮੈਂ-ਮੇਰੀ
ਦੂਜੇ ਭਾਉ

ਤੇ ਅਧਾਰਿਤ ਹੁੰਦੀ ਹੈ

ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥
ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥ (ਪੰਨਾ-39)

ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੇ ਦੁਖੁ ਹੋਈ ॥ (ਪੰਨਾ-831)

ਅਜਿਹੇ ਜੀਵਾਂ ਦੀ ਹਾਲਤ

ਨਾ ਇਧਰ ਕੇ ਰਹੇ ਨਾ ਉਧਰ ਕੇ
ਨਾ ਖੁਦਾ ਹੀ ਮਿਲਾ ਨਾ ਵਿਸਾਲੇ ਸਨਮ

ਵਾਲੀ ਹੁੰਦੀ ਹੈ।

ਇਸ ਤਰ੍ਹਾਂ ਅਸੀਂ ਕਈ ਜਨਮਾਂ ਤੋਂ ਹਉਮੈ ਦੇ **ਕੂੜੇ ਭਰਵਾਸੇ** ਅਥਵਾ **ਮਾਇਆ ਦੇ ਪ੍ਰਾਇਣ** ਹੋ ਕੇ **ਦੂਜੇ ਭਾਉ** ਦੇ **ਜਾਦੂ ਹੇਠ**

ਜੰਮਦੇ ਹਾਂ
ਮਰਦੇ ਹਾਂ
ਕਰਮ ਕਰਦੇ ਹਾਂ
ਦੁਖ-ਸੁਖ ਭੋਗਦੇ ਹਾਂ

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥ (ਪੰਨਾ-643)

ਮਨ ਤੂੰ ਗਾਰਬਿ ਅਟਿਆ ਗਾਰਬਿ ਲਦਿਆ ਜਾਹਿ ॥
ਮਾਇਆ ਮੋਹਣੀ ਮੋਹਿਆ ਫਿਰਿ ਫਿਰਿ ਜੂਨੀ ਭਵਾਹਿ ॥
ਗਾਰਬਿ ਲਾਗਾ ਜਾਹਿ ਮੁਗਧ ਮਨ ਅੰਤਿ ਗਇਆ ਪਛੁਤਾਵਹੇ ॥ (ਪੰ.-441)

**ਮਾਇਆ ਦੇ ਇਸ ਭਰਮ-ਭੁਲਾਵੇ** ਨੂੰ ਹੀ

ਦੂਜਾ-ਭਾਉ
ਦੂਜਾ-ਦੋਇ
ਦੁਤੀਆ-ਭਾਵ

ਆਦਿ ਕਿਹਾ ਗਿਆ ਹੈ।

ਮਾਇਆ ਦਾ ਇਹ **ਭਰਮ-ਭੁਲਾਵਾ** ਅਥਵਾ **ਦੂਜਾ ਭਾਉ ਹਉਂਮੈ ਵਿਚੋਂ ਉਪਜਦਾ ਹੈ।**

ਹਉਮੈ ਦੀ **ਰਚਨਾ** ਅਕਾਲ ਪੁਰਖ ਨੇ ਆਪਣਾ **ਮਾਇਕੀ ਖੇਲ੍ਹ-ਅਖਾੜਾ ਚਲਾਉਣ** ਲਈ ਕੀਤੀ ਹੈ।

ਏਕਸੁ ਤੇ ਸਭੁ ਦੂਜਾ ਹੂਆ ॥
ਏਕੋ ਵਰਤੈ ਅਵਰੁ ਨ ਬੀਆ ॥ (ਪੰਨਾ-842)

ਸਾਰੀ ਕਾਇਨਾਤ ਹੀ ਇਲਾਹੀ ਖੇਲ੍ਹ-ਅਖਾੜੇ ਦੇ ਇਸ **ਗੁੱਝੇ** ਮਾਇਕੀ ਡਰਾਮੇ ਅਥਵਾ **ਦੂਜੇ-ਭਾਉ** ਵਿਚ ਖਚਤ ਹੈ

ਇਕਿ ਕੂੜਿ ਲਾਗੇ ਕੂੜੇ ਫਲ ਪਾਏ ॥
ਦੂਜੇ ਭਾਇ ਬਿਰਥਾ ਜਨਮੁ ਗਵਾਏ ॥ (ਪੰਨਾ-124)

**ਬਿਨੁ ਸਬਦੈ ਸਭਿ ਦੂਜੇ ਲਾਗੇ**
ਦੇਖਹੁ ਰਿਦੈ ਬੀਚਾਰਿ ॥ (ਪੰਨਾ-942)

ਕਹਤ ਕਬੀਰ ਹਉ ਕਹਉ ਪੁਕਾਰਿ ॥
ਸਮਝਿ ਦੇਖੁ ਸਕਤ ਗਾਵਾਰ ॥
ਦੂਜੈ ਭਾਇ ਬਹੁਤੁ ਘਰ ਗਾਲੇ ॥
ਰਾਮ ਭਗਤ ਹੈ ਸਦਾ ਸੁਖਾਲੇ ॥ (ਪੰਨਾ-1160)

ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥ (ਪੰਨਾ-755)

ਇਕ ਪਾਸੇ ਅਕਾਲ ਪੁਰਖ ਨੇ ਇਹ ਮਾਇਕੀ ਵਡ-ਖੇਲ੍ਹ-ਤਮਾ ਾ ਰਚਿਆ ਹੈ, ਜਿਸ ਵਿਚ ਇਨਸਾਨ ਮਾਇਆ ਦੇ ਭਰਮ-ਭੁਲਾਵੇ ਵਿਚ ਗਲਤਾਨ ਹੋ ਕੇ ਆਪਣੇ **ਸੋਮੇ** ਅਕਾਲ ਪੁਰਖ ਨੂੰ **ਭੁੱਲ** ਜਾਂਦਾ ਹੈ।

ਦੂਜੇ ਪਾਸੇ, ਜੇ ਕੋਈ ਹੋਣਹਾਰ ਰੂਹ ਜਾਂ ਜਗਿਆਸੂ ਇਸ ਵਿਚੋਂ ਨਿਕਲਨਾ ਜਾਂ ਮੁਕਤ ਹੋਣਾ ਚਾਹੇ ਤਾਂ ਉਸ ਨੂੰ ਇਸ ਮਾਇਕੀ **ਖਲਜਗਣ** ਵਿਚੋਂ **ਕੱਢਣ** ਲਈ ਲੋੜ ਅਨੁਸਾਰ ਸਮੇਂ-ਸਮੇਂ ਸਿਰ ਗੁਰੂ, ਅਵਤਾਰ, ਪੀਰ, ਪੈਗੰਬਰ, ਸੰਤ, ਭਗਤ, ਮਹਾਂਪੁਰਖ ਦੁਨੀਆਂ ਵਿਚ ਪਠਾਏ, ਜਿਨ੍ਹਾਂ ਨੇ ਸਮੇਂ ਦੀ ਲੋੜ ਅਨੁਸਾਰ ਵੱਖ-ਵੱਖ ਧਰਮ ਜਾਂ ਮ ਹਬ ਸਾਜੇ।

ਪਰ ਸਹਿਜੇ-ਸਹਿਜੇ ਇਨ੍ਹਾਂ ਬਾਹਰਮੁਖੀ ਧਰਮਾਂ ਵਿਚ

**ਦੂਜੇ-ਭਾਉ**

ਅਥਵਾ ਹਉਂਮੈ ਦਾ ਭਰਮ-ਭੁਲਾਵਾ **ਛਾ ਗਿਆ** ਅਤੇ ਸਾਡੇ ਧਰਮ

ਰੁੱਖੇ-ਸੁੱਕੇ
ਫੋਕੇ
ਕਰਮ ਕਾਂਡੀ
ਈਰਖਾ-ਦਵੈਤ
ਮ ਹਬੀ-ਤਅੱਸਬ
ਤੇ ਦੂਜੇ ਭਾਉ

ਦੇ ਅੱਡੇ ਬਣ ਕੇ ਰਹਿ ਗਏ।

ਸਾਡੇ ਅਜੋਕੇ ਧਰਮ ਤੇ ਧਰਮ-ਅਸਥਾਨ ਇਸਦਾ ਪ੍ਰਤੱਖ ਸਬੂਤ ਹਨ। ਗੁਰਬਾਣੀ ਵਿਚ ਸਾਡੀ ਅਜਿਹੀ ਦ ਾ ਨੂੰ ਇਉਂ ਬਿਆਨ ਕੀਤਾ ਗਿਆ ਹੈ

ਬਾਹਰਿ ਭੇਖ ਅੰਤਰਿ ਮਲੁ ਮਾਇਆ ॥
ਛਪਸਿ ਨਾਹਿ ਕਛੁ ਕਰੈ ਛਪਾਇਆ ॥ (ਪੰਨਾ-267)

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥ (ਪੰਨਾ-641)

ਤੀਰਥਿ ਜਾਉ ਤ ਹਉ ਹਉ ਕਰਤੇ ॥
ਪੰਡਿਤ ਪੂਛਉ ਤ ਮਾਇਆ ਰਾਤੇ ॥.....
ਗਿਰਸਤ ਮਹਿ ਚਿੰਤ ਉਦਾਸ ਅਹੰਕਾਰ ॥
ਕਰਮ ਕਰਤ ਜੀਅ ਕਉ ਜੰਜਾਰ ॥ (ਪੰਨਾ-385)

(ਚਲਦਾ........)